# ਭਰਤੀ ਸਬੰਧੀ ਨੋਟਿਸ

ਦੀ ਲੱਖਣ ਕੇ ਪੱਡਾ ਖੇਤੀਬਾੜੀ ਬਹੁ-ਮੰਤਵੀ ਸੇਵਾ ਸਭਾ ਲਿਮਟਿਡ ਲੱਖਣ ਕੇ ਪੱਡਾ, ਢਿਲਵਾਂ, ਜ਼ਿਲ੍ਹਾ ਕਪੂਰਥਲਾ ਵਿਚ ਸੇਲਜ਼ਮੈਨ ਦੀ ਅਸਾਮੀ ਲਈ ਦਰਸਾਈ ਗਈ ਤਨਖ਼ਾਹ ਅਤੇ ਯੋਗਤਾ ਦੇ ਆਧਾਰ 'ਤੇ (ਕੰਟਰੈਕਟ ਬੇਸਿਸ) 'ਤੇ ਉਮਰ ਹੱਦ 18 ਤੋਂ 37 ਸਾਲ ਦੇ ਚਾਹਵਾਨ ਉਮੀਦਵਾਰਾਂ ਪਾਸੋਂ ਮਿਤੀ 17 ਅਗਸਤ 2020 ਤੱਕ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਤਨਖ਼ਾਹ ਜ਼ਿਲ੍ਹੇ ਦੇ ਡੀ.ਸੀ. ਰੇਟ ਅਨੁਸਾਰ।

ਵਿੱਦਿਅਕ ਯੋਗਤਾ:- (1) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਟ ਦੀ ਡਿਗਰੀ, (2) ਦਸਵੀਂ ਪੱਧਰ ਦੀ ਪੰਜਾਬੀ ਪਾਸ ਦੀ ਯੋਗਤਾ, (3) ਉਮੀਦਵਾਰ ਨੇ ਸਰਕਾਰ ਪਾਸੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ ਜੋ ਆਈ.ਐਸ.ਓ.9001 ਅਨੁਸਾਰ ਤਸਦੀਕਸ਼ੁਦਾ ਹੋਵੇ, ਤੋਂ ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫੋਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ ਪਾਸ ਕੀਤਾ ਹੋਵੇ, (4) ਪੇਂਡੂ ਪਿਛੋਕੜ।

ਨੋਟ:- (1) ਅਧੂਰੇ ਦਸਤਾਵੇਜ਼ ਵਿਚਾਰੇ ਨਹੀਂ ਜਾਣਗੇ, (2) ਇਹ ਭਰਤੀ ਪੰਜਾਬ ਰਾਜ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਸੇਵਾ ਨਿਯਮ 1997 (2007 ਤੱਕ ਹੋਈਆਂ ਸੋਧਾਂ ਅਨੁਸਾਰ) ਅਤੇ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਵਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ। (3) ਚਾਹਵਾਨ ਉਮੀਦਵਾਰ ਆਪਣੀਆਂ ਅਰਜ਼ੀਆਂ ਸਭਾ ਦੇ ਦਫ਼ਤਰ ਵਿਖੇ ਨਿੱਜੀ ਰੂਪ ਵਿਚ ਦੇ ਕੇ ਆਉਣਗੇ। (4) ਭਰਤੀ ਸਬੰਧੀ ਇੰਟਰਵਿਊ ਮਿਤੀ 20 ਅਗਸਤ 2020 ਨੂੰ ਸਵੇਰੇ 11 ਵਜੇ ਸਭਾ ਦੇ ਦਫ਼ਤਰ ਵਿਖੇ ਹੋਵੇਗੀ। ਕਿਸੇ ਤਬਦੀਲੀ ਦੀ ਸੂਰਤ ਵਿਚ ਉਮੀਦਵਾਰਾਂ ਨੂੰ ਫੋਨ ਰਾਹੀਂ ਸੰਪਰਕ ਕਰ ਕੇ ਸੂਚਿਤ ਕਰ ਦਿੱਤਾ ਜਾਵੇਗਾ। ਚੋਣ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਸਹੀ/-ਪ੍ਰਧਾਨ ਸਕੱਤਰ,

**ਦੀ ਲੱਖਣ ਕੇ ਪੱਡਾ ਖੇਤੀਬਾੜੀ ਬਹੁ-ਮੰਤਵੀ ਸਹਿਕਾਰੀ ਸੇਵਾ ਸਭਾ ਲਿਮਟਿਡ ਲੱਖਣ ਕੇ ਪੱਡਾ।**

Scanned with CamScanner

ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ।
Phone No. 01822-232875, email Id:- arkapurthala@gmail.com

ਨੰ: ਐਸ.ਏ/ਸਰਕ/ 163 ਮਿਤੀ 29/07/2020

ਵੱਲੋਂ

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ ਕਪੂਰਥਲਾ।

ਸੇਵਾ ਵਿਖੇ,

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ ,ਚੰਡੀਗੜ੍ਹ

ਵਿਸ਼ਾ: ਦੀ ਲੱਖਣ ਕੇ ਪੱਡੇ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ ਵਿਚ ਸੇਲਜ਼ਮੈਨ ਦੀ ਨਿਯੁਕਤੀ ਸੰਬੰਧੀ ਇਸ਼ਤਿਹਾਰ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਨ ਸੰਬੰਧੀ।

ਯਾਦ ਪੱਤਰ,

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਆਪ ਜੀ ਨੂੰ ਬੇਨਤੀ ਸਿਹਤ ਲਿਖਿਆ ਜਾਂਦਾ ਹੈ ਕਿ ਦੀ ਲੱਖਣ ਕੇ ਪੱਡੇ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ ਵਿਚ ਸੇਲਜ਼ਮੈਨ ਦੀ ਨਿਯੁਕਤੀ ਕਰਨ ਲਈ ਪ੍ਰਵਾਨਗੀ ਮਾਨਯੋਗ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ ਜੀ ਦੇ ਦਫਤਰ ਦੇ ਪੱਤਰ ਨੰ: ਐੱਸ.ਏ/ਸੰਰਜ/28ਬੀ/3049-51 ਮਿਤੀ 17/07/2020 ਰਾਹੀਂ ਪ੍ਰਾਪਤ ਹੋ ਚੁੱਕੀ ਹੈ। ਸਭਾ ਵਿੱਚ ਭਰਤੀ ਕਰਨ ਸਬੰਧੀ ਅਗਲੀ ਕਰਵਾਈ ਕਰਦੇ ਹੋਏ ਪ੍ਰਵਾਨਗੀ ਦੀ ਕਾਪੀ ਨਿਰੀਖਕ ਹਲਕਾ ਨੂੰ ਭੇਜੀ ਗਈ ਸੀ। ਜਿਸ ਸਬੰਧੀ ਹਲਕਾ ਨਿਰੀਖਕ ਵਲੋਂ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਹੈ ਕਿ ਮਿਤੀ 28/07/2020 ਨੂੰ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਮਿਤੀ 20/08/2020 ਨੂੰ ਕਰਨ ਸਬੰਧੀ ਮਤਾ ਪਾਸ ਕਰਕੇ ਦੋ ਰੋਜ਼ਾਨਾ ਪ੍ਰਸਿੱਧ ਅਖਬਾਰਾਂ ਵਿੱਚ ਮਿਤੀ 29-07-2020 ਨੂੰ ਅਜੀਤ ਅਤੇ 30-07-2020 ਨੂੰ ਜਗਬਾਣੀ ਵਿੱਚ ਭਰਤੀ ਸਬੰਧੀ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਆਪ ਜੀ ਨੂੰ ਇਸ਼ਤਿਹਾਰ ਦੀ ਕਾਪੀ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇਸ਼ਤਿਹਾਰ ਨੂੰ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ, ਤਾਂ ਜੋ ਸਭਾ ਵਿੱਚ ਮੁਲਾਜ਼ਮ ਦੀ ਭਰਤੀ ਸਮੇ ਸਿਰ ਕੀਤੀ ਜਾ ਸਕੇ।

29/07/2020

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ ਕਪੂਰਥਲਾ।



Scanned with CamScanner